ਅਕਤੂਬਰ ਅੰਕ

Brampton Living

ਨੀਤੀ ਢੀਂਡਸਾ ਨਾਲ

ਘਰ • ਮੁਹੱਲੇ • ਸਾਡੀ ਸਾਂਝ



ਆਪਣੇ ਘਰ। ਮਜ਼ਬੂਤ ਸਾਂਝ। ਹੋਰ ਸੋਹਣਾ ਬਰੈਂਪਟਨ।

ਉਹੀ ਪਿਆਰੇ ਮੁਹੱਲੇ। ਨਵੀਆਂ ਸੰਭਾਵਨਾਵਾਂ।

ਸਤੰਬਰ ਦਾ ਬਾਜ਼ਾਰ: ਇਕ ਨਜ਼ਰ

ਔਸਤ ਵਿਕਰੀ ਕੀਮਤਾਂ ਅਤੇ ਸਤੰਬਰ ਦੀਆਂ ਵਿਕਰੀਆਂ। ਅਗਸਤ ਦੇ ਮੁਕਾਬਲੇ ਡਿਟੈਚਡ ਘਰਾਂ ਤੇ ਟਾਊਨਹੋਮਾਂ ਦੀਆਂ ਕੀਮਤਾਂ ਲਗਭਗ ਸਥਿਰ ਰਹੀਆਂ; ਸੈਮੀ-ਡਿਟੈਚਡ ਦੀ ਔਸਤ ਕੀਮਤ 1.2% ਵਧੀ।

ਡਿਟੈਚਡ

$1,002,296

218 ਵਿਕਰੀਆਂ

ਸੈਮੀ-ਡਿਟੈਚਡ

$782,903

58 ਵਿਕਰੀਆਂ

ਟਾਊਨਹੋਮ

$731,393

40 ਵਿਕਰੀਆਂ

ਘਰ ਦੇ ਮਾਲਕਾਂ ਲਈ ਕੀ ਮਤਲਬ?

ਅਗਸਤ ਨਾਲੋਂ ਤਿੰਨਾਂ ਕਿਸਮਾਂ ਦੇ ਘਰਾਂ ਦੀਆਂ ਵਿਕਰੀਆਂ ਘਟੀਆਂ। ਆਪਣੇ ਘਰ ਦੀ ਕੀਮਤ ਤੈਅ ਕਰਦਿਆਂ ਨੇੜਲੇ ਮਿਲਦੇ-ਜੁਲਦੇ ਘਰਾਂ ਦੀਆਂ ਵਿਕਰੀਆਂ, ਘਰ ਦੀ ਹਾਲਤ ਅਤੇ ਟਿਕਾਣੇ ਨੂੰ ਆਧਾਰ ਬਣਾਓ।

ਬਰੈਂਪਟਨ ਵਿੱਚ ਇਕ ਦਿਨ

ਇਕ ਅਰਾਮ ਨਾਲ ਬਿਤਾਇਆ ਸ਼ਨੀਵਾਰ, ਲਾਇਬ੍ਰੇਰੀ ਦਾ ਚੱਕਰ ਅਤੇ Madras Mami ਦੇ ਦੱਖਣੀ ਭਾਰਤੀ ਸੁਆਦ। ਸਾਡੇ ਨਾਲ ਇਸ ਸੈਰ ਉੱਤੇ ਚੱਲੋ, ਪੰਨਾ 3 ਉੱਤੇ।

ਇਸ ਮਹੀਨੇ ਦਾ ਮੁਹੱਲਾ

ਸੈਂਡਰਿੰਗਹੈਮ-ਵੈਲਿੰਗਟਨ: ਉਹ ਥਾਵਾਂ ਤੇ ਰੋਜ਼ ਦੀਆਂ ਨਿੱਕੀਆਂ ਰੌਣਕਾਂ, ਜਿਨ੍ਹਾਂ ਨਾਲ ਕੋਈ ਇਲਾਕਾ ਆਪਣਾ ਲੱਗਣ ਲੱਗਦਾ ਹੈ। ਪੂਰੀ ਝਲਕ ਪੰਨਾ 2 ਉੱਤੇ।

ਪਤਝੜ ਲਈ ਘਰ ਦੀ ਤਿਆਰੀ

ਛੋਟੇ-ਛੋਟੇ ਕੰਮ, ਤਾਂ ਜੋ ਆਉਣ ਵਾਲੇ ਮਹੀਨਿਆਂ ਵਿੱਚ ਘਰ ਸੁਖਾਲਾ ਰਹੇ।

- ਛੱਤ ਦੇ ਪਾਣੀ ਵਾਲੇ ਗਟਰ ਸਾਫ਼ ਕਰੋ
- ਹੀਟਿੰਗ ਤੇ ਹਵਾ ਪ੍ਰਣਾਲੀ ਦੀ ਤਿਆਰੀ ਕਰੋ
- ਵਿਹੜਾ ਸੰਵਾਰੋ ਤੇ ਮੌਸਮੀ ਬੂਟੇ ਸੰਭਾਲੋ
- ਧੂੰਏਂ ਤੇ ਕਾਰਬਨ ਮੋਨੋਕਸਾਈਡ ਅਲਾਰਮ ਪਰਖੋ

ਸਾਂਝ। ਸਹੂਲਤ। ਆਪਣਾਪਣ। ਆਪਣੇ ਮੁਹੱਲੇ ਵਿੱਚ ਘਰ ਵਰਗਾ ਅਹਿਸਾਸ।

ਤੁਹਾਡੀ ਗਲੀ ਦਾ ਬਾਜ਼ਾਰ ਕਿਹੋ ਜਿਹਾ ਹੈ? ਆਓ ਗੱਲ ਕਰੀਏ।

ਨੀਤੀ ਢੀਂਡਸਾ | RE/MAX Gold • 647-551-0484 • contact@neetidhindsa.com

ਮੁਹੱਲੇ ਦੀ ਝਲਕ / Sandringham-Wellington

ਰੋਜ਼ ਦੀਆਂ ਨਿੱਕੀਆਂ ਗੱਲਾਂ, ਜੋ ਦਿਲ ਨੂੰ ਚੰਗੀਆਂ ਲੱਗਦੀਆਂ ਨੇ।

ਥੋੜ੍ਹੀ ਚਹਿਲਕਦਮੀ, ਇਕ ਨਵੀਂ ਕਿਤਾਬ ਤੇ ਆਪਣੇ ਢੰਗ ਨਾਲ ਮੁਹੱਲੇ ਨੂੰ ਜਾਣਨ ਦਾ ਮੌਕਾ।



Springdale Branch Library



Chinguacousy Wellness Centre

ਲਾਇਬ੍ਰੇਰੀ ਲਈ ਥੋੜ੍ਹਾ ਸਮਾਂ ਕੱਢੋ। ਇਕੱਠੇ ਕਿਤਾਬ ਚੁਣੋ, ਆਪਣੀ ਆਮ ਪਸੰਦ ਤੋਂ ਅੱਗੇ ਵੀ ਕੁਝ ਵੇਖੋ ਅਤੇ ਹਫ਼ਤੇ ਲਈ ਇਕ ਨਵੀਂ ਕਹਾਣੀ ਘਰ ਲੈ ਆਓ। Springdale ਦਾ ਇਹ ਛੋਟਾ ਜਿਹਾ ਚੱਕਰ ਦਿਨ ਵਿੱਚ ਨਵਾਂ ਰੰਗ ਭਰ ਸਕਦਾ ਹੈ।

ਮੁਹੱਲੇ ਨੂੰ ਜ਼ਰਾ ਨੇੜਿਓਂ ਜਾਣੀਏ

ਰਸੋਈ ਦਾ ਸਮਾਨ। Bovaird ਨੇੜੇ 55 Mountainash Road ਉੱਤੇ Fortinos ਅਤੇ Bramalea ਤੇ Sandalwood ਦੇ ਕੋਲ 10615 Bramalea Road ਉੱਤੇ Chalo! FreshCo ਰੋਜ਼ਮਰ੍ਹਾ ਦੀ ਖਰੀਦਦਾਰੀ ਲਈ ਆਸਾਨ ਚੋਣਾਂ ਹਨ।

ਖਾਣੇ ਦੀ ਗੱਲ। 1098 Peter Robertson Boulevard ਉੱਤੇ Sweet Palace ਵਿੱਚ ਬੈਠ ਕੇ ਖਾਓ ਜਾਂ ਘਰ ਲਈ ਖਾਣਾ ਲੈ ਜਾਓ। ਵੱਡੇ Sandalwood ਇਲਾਕੇ ਵਿੱਚ 180 Sandalwood Parkway East ਉੱਤੇ Punjabi By Nature ਵੀ ਇਕ ਚੋਣ ਹੈ।

ਆਉਣ-ਜਾਣ ਦਾ ਰਾਹ। Bovaird ਤੋਂ ਪੱਛਮ ਵੱਲ Highway 410 ਤੱਕ ਪਹੁੰਚਿਆ ਜਾ ਸਕਦਾ ਹੈ। ਅੱਗੇ 410 ਰਾਹੀਂ 401 ਅਤੇ ਟੋਲ ਵਾਲੇ 407 ETR ਨਾਲ ਜੁੜਦੇ ਹੋ। 1713 Steeles Avenue East ਉੱਤੇ Bramalea GO ਵਿੱਚ ਟ੍ਰਾਂਜ਼ਿਟ ਕਨੈਕਸ਼ਨ ਤੇ ਯਾਤਰੀਆਂ ਲਈ ਪਾਰਕਿੰਗ ਹੈ।

ਡਰਾਈਵ ਦਾ ਅੰਦਾਜ਼ਨ ਸਮਾਂ

Highway 410	10-15 ਮਿੰਟ
Highway 427	20-30 ਮਿੰਟ
Highway 407 ETR	15-25 ਮਿੰਟ
Bramalea GO	15-25 ਮਿੰਟ

ਮੁਹੱਲਾ, ਤਿੰਨ ਪੜਾਵਾਂ ਵਿੱਚ

01 / ਕਿਤਾਬਾਂ ਨਾਲ ਮੁਲਾਕਾਤ
Springdale Library
10705 Bramalea Rd
ਹਫ਼ਤੇ ਲਈ ਕੁਝ ਨਵੀਆਂ ਕਿਤਾਬਾਂ ਚੁਣੋ।

02 / ਆਪਣੇ ਲਈ ਸਮਾਂ
Chinguacousy Wellness Centre
995 Peter Robertson Blvd
ਪੂਲ, ਫਿਟਨੈੱਸ ਤੇ ਇਨਡੋਰ ਟਰੈਕ ਦਾ ਫ਼ਾਇਦਾ ਲਵੋ।

03 / ਖੁੱਲ੍ਹੀ ਹਵਾ ਵਿੱਚ
Stephen Llewellyn Recreational Trail
166 Mountainash Rd
ਇਕ ਛੋਟੀ ਜਿਹੀ ਸੈਰ ਨਾਲ ਸ਼ੁਰੂਆਤ ਕਰੋ।

ਬਰੈਂਪਟਨ ਦੀ ਸੈਰ / ਨੀਤੀ ਦੀ ਡਾਇਰੀ

ਘਰ ਦੇ ਨੇੜੇ ਹੀ, ਇਕ ਨਿੱਕੀ ਜਿਹੀ ਛੁੱਟੀ।



ਖਾਣੇ ਦੀ ਮੇਜ਼ ਉੱਤੇ: Madras Mami

ਪਹਿਲਾਂ ਕਿਤਾਬਾਂ ਨੇ ਰਾਹ ਦਿਖਾਇਆ।

ਕਹਿਣ ਨੂੰ ਤਾਂ ਇਹ ਇਕ ਸਧਾਰਨ ਚੱਕਰ ਸੀ: ਲਾਇਬ੍ਰੇਰੀ ਜਾਣਾ, ਕੁਝ ਖਾਣਾ ਤੇ ਘਰ ਮੁੜ ਆਉਣਾ। ਪਰ ਚਾਰ ਸਾਲ ਦੀ ਧੀ ਨਾਲ ਨਿਕਲੋ ਤਾਂ ਦਿਨ ਦੀ ਚਾਲ ਆਪੇ ਬਦਲ ਜਾਂਦੀ ਹੈ। ਉਸ ਨੂੰ ਕਿਤਾਬਾਂ ਬਹੁਤ ਪਿਆਰੀਆਂ ਨੇ। ਉਸ ਲਈ ਕਿਤਾਬਾਂ ਵਾਲੀ ਸ਼ੈਲਫ਼ ਸਿਰਫ਼ ਸ਼ੈਲਫ਼ ਨਹੀਂ, ਨਵੀਆਂ ਦੁਨੀਆਂ ਦੀ ਕਤਾਰ ਹੈ।

Springdale Library ਵਿੱਚ ਅਸੀਂ ਉਸੇ ਉਤਸੁਕਤਾ ਦੇ ਪਿੱਛੇ ਤੁਰ ਪਏ। ਕਦੇ ਕਿਸੇ ਕਿਤਾਬ ਦਾ ਮੁੱਖ ਪੰਨਾ ਵੇਖ ਕੇ ਰੁਕ ਗਏ, ਕਦੇ ਦੋ-ਚਾਰ ਸਫ਼ੇ ਹੋਰ ਪੜ੍ਹ ਲਏ। ਮੈਨੂੰ ਉਸ ਨਾਲ ਬਾਹਰ ਜਾਣ ਦੀ ਇਹ ਗੱਲ ਬੜੀ ਪਸੰਦ ਹੈ: ਹਰ ਖੋਜ ਲਈ ਪਹਿਲਾਂ ਤੋਂ ਯੋਜਨਾ ਬਣਾਉਣ ਦੀ ਲੋੜ ਨਹੀਂ ਹੁੰਦੀ। ਕਈ ਵਾਰ ਇਕ ਛੋਟੀ ਜਿਹੀ ਥਾਂ ਉਸ ਦਾ ਮਨ ਇੰਨਾ ਲਾ ਦਿੰਦੀ ਹੈ, ਜਿੰਨਾ ਮੈਂ ਕਈ ਦਿਨ ਸੋਚ ਕੇ ਵੀ ਨਹੀਂ ਕਰ ਸਕਦੀ।

ਅਗਲੇ ਪੜਾਅ ਲਈ ਅਸੀਂ ਕਿਤਾਬਾਂ ਤੋਂ ਵਿਦਾ ਲਈ, ਪਰ ਉਹ ਬੇਫ਼ਿਕਰ ਰਫ਼ਤਾਰ ਨਾਲ ਹੀ ਰਹੀ। ਹੁਣ ਕੁਝ ਨਵਾਂ ਖਾਣੇ ਦੀ ਮੇਜ਼ ਉੱਤੇ ਲੱਭਣਾ ਸੀ।

ਫਿਰ, ਸੁਆਦਾਂ ਨੇ ਸੈਰ ਅੱਗੇ ਤੋਰੀ।

Mayfield Road ਉੱਤੇ Madras Mami ਵਿੱਚ ਮੈਂ ਖਾਣਾ ਝੱਟ ਮੁਕਾਉਣ ਦੀ ਥਾਂ ਕੁਝ ਵੱਖਰੇ ਪਕਵਾਨ ਚੱਖੇ। ਮੇਰੀ ਸਭ ਤੋਂ ਪਿਆਰੀ ਚੋਣ Benne Masala Dosa ਰਹੀ। ਮੱਖਣ ਦੀ ਖੁਸ਼ਬੂ ਵਾਲੀ ਸੁਨਹਿਰੀ ਪਰਤ, ਅੰਦਰ ਦੀ ਭਰਾਈ ਅਤੇ ਨਾਲ ਦੀਆਂ ਚਟਣੀਆਂ: ਹਰ ਅਗਲੀ ਬੁਰਕੀ ਦਾ ਸੁਆਦ ਥੋੜ੍ਹਾ ਹੋਰ ਸੀ। ਪਤਾ ਹੀ ਨਾ ਲੱਗਿਆ ਕਦੋਂ ਮੈਂ ਖਾਣੇ ਨੂੰ ਸਮਾਂ ਦੇਣਾ ਸ਼ੁਰੂ ਕਰ ਦਿੱਤਾ।

Steamed Idli ਅਤੇ Medhu Vada ਵੀ ਮੈਨੂੰ ਚੰਗੇ ਲੱਗੇ। ਕਦੇ ਨਰਮ ਇਡਲੀ, ਕਦੇ ਕਰਕਰਾ ਵੜਾ; ਚਟਣੀ ਵਿੱਚ ਡੁਬੋ ਕੇ ਇਕ ਬੁਰਕੀ, ਫਿਰ ਪਸੰਦ ਆਏ ਸੁਆਦ ਵੱਲ ਮੁੜਨਾ। ਮੇਜ਼ ਉੱਤੇ ਕੁਝ ਨਵਾਂ ਵੀ ਸੀ ਤੇ ਕੁਝ ਆਪਣਾ ਜਿਹਾ ਵੀ। ਇਹੀ ਮਿਲਾਪ ਖਾਣੇ ਨੂੰ ਹੋਰ ਸੁਹਾਵਣਾ ਬਣਾ ਰਿਹਾ ਸੀ।

ਲਾਇਬ੍ਰੇਰੀ ਵਿੱਚ ਅਸੀਂ ਉਸ ਦੀ ਉਤਸੁਕਤਾ ਦੇ ਪਿੱਛੇ ਤੁਰੇ ਸੀ। ਖਾਣੇ ਵੇਲੇ ਮੈਂ ਆਪਣੀ ਉਤਸੁਕਤਾ ਨੂੰ ਥੋੜ੍ਹੀ ਥਾਂ ਦਿੱਤੀ। ਇਹਨਾਂ ਛੋਟੀਆਂ ਖੋਜਾਂ ਨੇ ਦਿਨ ਨੂੰ ਅਜਿਹਾ ਰੰਗ ਦਿੱਤਾ ਕਿ ਮੈਂ ਇਹ ਸੈਰ ਫਿਰ ਕਰਨੀ ਚਾਹਾਂਗੀ।

ਅਸੀਂ ਅਕਸਰ ਸੋਚਦੇ ਹਾਂ ਕਿ ਕੁਝ ਨਵਾਂ ਵੇਖਣ ਲਈ ਛੁੱਟੀਆਂ ਚਾਹੀਦੀਆਂ ਨੇ: ਕੋਈ ਹੋਰ ਸ਼ਹਿਰ, ਪੈਕ ਕੀਤਾ ਬੈਗ ਤੇ ਬਣਾਇਆ ਹੋਇਆ ਰਸਤਾ। ਪਰ ਨਵਾਂ ਸੁਆਦ ਅਤੇ ਆਪਣੇ ਕਿਸੇ ਪਿਆਰੇ ਨਾਲ ਥੋੜ੍ਹਾ ਸਮਾਂ ਉਹੀ ਅਹਿਸਾਸ ਘਰ ਦੇ ਨੇੜੇ ਵੀ ਦੇ ਸਕਦਾ ਹੈ।

ਉਸ ਦਿਨ ਸਾਡੇ ਲਈ ਬਰੈਂਪਟਨ ਵਿੱਚ ਹੀ ਬਹੁਤ ਕੁਝ ਸੀ: ਕਿਤਾਬਾਂ, ਰੁਕ ਕੇ ਮਾਣਨ ਵਾਲਾ ਖਾਣਾ ਤੇ ਇਕੱਠੇ ਬਿਤਾਏ ਕੁਝ ਸੋਹਣੇ ਘੰਟੇ। ਮੈਨੂੰ ਅਜਿਹੀਆਂ ਹੋਰ ਸੈਰਾਂ ਚਾਹੀਦੀਆਂ ਨੇ, ਜਿਨ੍ਹਾਂ ਤੋਂ ਘਰ ਮੁੜੀਏ ਤਾਂ ਗੱਲਾਂ ਕਰਨ ਲਈ ਕੁਝ ਨਾਲ ਹੋਵੇ।

Madras Mami: 6261 Mayfield Rd, Unit 145 • Springdale Library: 10705 Bramalea Rd

ਤਿੰਨ ਬਜਟ, ਘਰ ਦੇ ਤਿੰਨ ਵੱਖਰੇ ਰੰਗ

ਤੁਹਾਡੇ ਬਜਟ ਵਿੱਚ ਕਿਹੋ ਜਿਹਾ ਘਰ?

ਰੋਜ਼ ਦੀ ਜ਼ਿੰਦਗੀ ਲਈ ਆਪਣੀ ਥਾਂ, ਤੇ ਅਗਲੇ ਪੜਾਅ ਲਈ ਕੁਝ ਗੁੰਜਾਇਸ਼।
ਸਤੰਬਰ ਦੀਆਂ ਤਿੰਨ ਵਿਕਰੀਆਂ: ਲਗਭਗ $800K, $1M ਅਤੇ $1.5M ਦੇ ਬਜਟ ਵਿੱਚ।



$800K

Fletcher’s West

$800,000 ਵਿੱਚ ਵਿਕਿਆ • ਡਿਟੈਚਡ • 3+1 ਬੈੱਡਰੂਮ, 3 ਬਾਥਰੂਮ

ਗਰਮੀਆਂ ਦੀ ਇਕ ਸ਼ਾਮ ਸੋਚੋ: ਡਾਇਨਿੰਗ ਰੂਮ ਤੋਂ ਖਾਣਾ ਡੈੱਕ ਉੱਤੇ ਆ ਗਿਆ ਹੈ ਅਤੇ ਕੋਨੇ ਵਾਲੇ ਵਿਹੜੇ ਵਿੱਚ ਸਭ ਲਈ ਖੁੱਲ੍ਹ ਹੈ। ਅੰਦਰ ਕੁਆਰਟਜ਼ ਕਾਊਂਟਰ ਤੇ ਕਾਰਪੇਟ ਤੋਂ ਬਿਨਾਂ ਫਰਸ਼ ਰੋਜ਼ ਦੇ ਕੰਮ ਸੌਖੇ ਬਣਾਉਂਦੇ ਹਨ। ਉੱਪਰ ਤਿੰਨ ਬੈੱਡਰੂਮ ਹਨ; ਤਿਆਰ ਬੇਸਮੈਂਟ ਦਾ ਵੱਖਰਾ ਪਾਸੇ ਵਾਲਾ ਦਾਖ਼ਲਾ ਹੋਰ ਸਹੂਲਤ ਦਿੰਦਾ ਹੈ। ਲਿਸਟਿੰਗ ਅਨੁਸਾਰ ਇਹ ਰਜਿਸਟਰਡ ਦੋ ਰਿਹਾਇਸ਼ਾਂ ਵਾਲਾ ਘਰ ਹੈ, ਅਤੇ 2026 ਵਿੱਚ ਛੱਤ ਤੇ ਫਰਨੇਸ ਅੱਪਡੇਟ ਹੋਏ ਹਨ।



$1M

Sandringham-Wellington

$990,000 ਵਿੱਚ ਵਿਕਿਆ • ਡਿਟੈਚਡ • 4 ਬੈੱਡਰੂਮ, 4 ਬਾਥਰੂਮ

ਨਵੇਂ ਘਰ ਵਿੱਚ ਪਰਿਵਾਰ ਦਾ ਪਹਿਲਾ ਵੱਡਾ ਖਾਣਾ: ਵੱਖਰੇ ਡਾਇਨਿੰਗ ਰੂਮ ਵਿੱਚ ਮੇਜ਼ ਸਜੀ ਹੈ, ਗੱਲਾਂ ਗੈਸ ਫਾਇਰਪਲੇਸ ਵੱਲ ਵਧਦੀਆਂ ਹਨ, ਤੇ ਵਾੜ ਵਾਲਾ ਵਿਹੜਾ ਨਿੱਘੀਆਂ ਸ਼ਾਮਾਂ ਦੀ ਉਡੀਕ ਕਰਦਾ ਹੈ। ਇੱਟਾਂ ਦਾ ਇਹ ਘਰ ਚਾਰ ਬੈੱਡਰੂਮ, ਮੁੱਖ ਬੈੱਡਰੂਮ ਨਾਲ ਪੰਜ ਹਿੱਸਿਆਂ ਵਾਲਾ ਬਾਥਰੂਮ ਤੇ ਵਾਕ-ਇਨ ਕਲੋਜ਼ਟ, ਅਤੇ ਮੁੱਖ ਮੰਜ਼ਿਲ ਉੱਤੇ ਲਾਂਡਰੀ ਦਿੰਦਾ ਹੈ। ਲਿਸਟਿੰਗ ਵਿੱਚ ਖੇਤਰਫਲ 2,500-3,000 ਵਰਗ ਫੁੱਟ ਹੈ। ਅਧੂਰਾ ਬੇਸਮੈਂਟ ਅੱਗੇ ਆਪਣੀ ਲੋੜ ਅਨੁਸਾਰ ਸੰਵਾਰਨ ਦਾ ਮੌਕਾ ਹੈ।



$1.5M

Toronto Gore Rural Estate

$1,510,000 ਵਿੱਚ ਵਿਕਿਆ • ਡਿਟੈਚਡ • 4+2 ਬੈੱਡਰੂਮ, 6 ਬਾਥਰੂਮ

ਇੱਥੇ ਕਹਾਣੀ ਖੁੱਲ੍ਹ ਤੋਂ ਸ਼ੁਰੂ ਹੁੰਦੀ ਹੈ: ਉੱਚੀ ਛੱਤ ਵਾਲਾ ਲਿਵਿੰਗ ਰੂਮ, ਵੱਖਰਾ ਡਾਇਨਿੰਗ ਰੂਮ ਅਤੇ ਰਸੋਈ ਦਾ ਵੱਡਾ ਆਇਲੈਂਡ, ਜਿੱਥੇ ਸਭ ਇਕੱਠੇ ਹੋ ਸਕਦੇ ਹਨ। ਉੱਪਰ ਚਾਰ ਬੈੱਡਰੂਮ ਤੇ ਲਾਂਡਰੀ ਪਰਿਵਾਰ ਦੀ ਰੋਜ਼ ਦੀ ਰੁਟੀਨ ਸੁਖਾਲੀ ਬਣਾਉਂਦੇ ਹਨ। ਤਿਆਰ ਬੇਸਮੈਂਟ ਵਿੱਚ ਦੋ ਹੋਰ ਬੈੱਡਰੂਮ ਅਤੇ ਇਕ ਹੋਰ ਰਸੋਈ ਹੈ। Vales of Humber ਵਿੱਚ ਇਸ ਘਰ ਦਾ ਲਿਸਟਿੰਗ ਵਾਲਾ ਖੇਤਰਫਲ 3,000-3,500 ਵਰਗ ਫੁੱਟ ਹੈ; ਤਿਆਰ ਬੇਸਮੈਂਟ ਇਸ ਤੋਂ ਵੱਖਰਾ ਹੈ।